USDA Natural Resources Conservation Service
U.S. DEPARTMENT OF AGRICULTURE

# NRCS ਬਰਾਬਰੀ ਵਿਭਾਗ




## ਬਰਾਬਰੀ ਕੀ ਹੈ?

ਬਰਾਬਰੀ ਹੁੰਦੀ ਹੈ ਸਾਰੇ ਵਿਅਕਤੀਆਂ ਨਾਲ ਸਹੀ, ਨਿਆਂਪੂਰਨ ਅਤੇ ਨਿਰਪੱਖ ਢੰਗ ਨਾਲ ਇਕਸਾਰ ਅਤੇ ਯੋਜਨਾਬੱਧ ਵਿਵਹਾਰ ਕਰਨਾ, ਇਸ ਵਿੱਚ ਉਹਨਾਂ ਭਾਈਚਾਰਿਆਂ ਦੇ ਲੋਕ ਵੀ ਸ਼ਾਮਲ ਹਨ, ਜਿਹਨਾਂ ਨਾਲ
ਇਸ ਤਰ੍ਹਾਂ ਵਿਵਹਾਰ ਨਹੀਂ ਹੁੰਦਾ ਹੈ। NRCS ਦੇ ਗਾਹਕ ਏਜੰਸੀ ਲਈ ਸਭ ਤੋਂ ਮਹੱਤਵਪੂਰਨ ਮੁਲਾਕਾਤੀ ਹੁੰਦੇ ਹਨ। ਇੱਕ ਸਫਲ ਅਤੇ ਨਿਪੁੰਨ ਸੰਘੀ ਇਕਾਈ ਬਣੇ ਰਹਿਣ ਲਈ ਸਟਾਫ ਸਾਡੇ ਗਾਹਕਾਂ 'ਤੇ ਨਿਰਭਰ ਕਰਦਾ ਹੈ। ਅਜਿਹੇ ਗੰਭੀਰ ਹਾਲਾਤ ਹੋਣ ਕਰਕੇ, NRCS ਲਈ ਸਾਡੇ ਸਾਰੇ ਗਾਹਕਾਂ ਨੂੰ ਸਿੱਖਣ, ਅੱਗੇ ਵਧਣ ਅਤੇ ਸਫਲ ਹੋਣ ਦੇ ਮੌਕੇ ਦੇਣਾ ਲਾਜ਼ਮੀ ਹੋ ਜਾਂਦਾ ਹੈ, ਫਿਰ ਭਾਵੇਂ ਉਹਨਾਂ ਦੇ ਹਾਲਾਤ ਕਿਹੋ ਜਿਹੇ ਹੋਣ। ਪ੍ਰੋਗਰਾਮ ਦਾ ਇਤਿਹਾਸ ਦਰਸਾਉਂਦਾ ਹੈ ਕਿ ਗਰੀਬ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਹਮੇਸ਼ਾਂ ਮਾਨਤਾ ਅਤੇ ਬਣਦਾ ਸਨਮਾਨ ਨਹੀਂ ਮਿਲਿਆ ਹੈ। ਬਰਾਬਰੀ ਦੇ ਬਿਨਾਂ, ਸਰੋਤਾਂ ਦੀ ਯੋਜਨਾਬੱਧ ਮਾਨਤਾ ਅਤੇ ਵੰਡ ਅਕਸਰ ਹੀ ਉਹਨਾਂ ਲੋਕਾਂ ਤੱਕ ਸੀਮਤ ਹੋ ਜਾਂਦੀ ਹੈ, ਜਿਨ੍ਹਾਂ ਕੋਲ ਪਹਿਲਾਂ ਤੋਂ ਹੀ ਸਫਲ ਹੋਣ ਦੇ ਸਾਧਨ ਉਪਲਬਧ ਹਨ.. ਪਰ ਬਰਾਬਰੀ ਦੀ ਮਦਦ ਨਾਲ NRCS ਇਸ ਵਿੱਚ ਬਦਲਾਅ ਲਿਆਵੇਗੀ।
ਸਭ ਤੋਂ ਪਹਿਲਾਂ ਸਾਨੂੰ ਬਰਾਬਰੀ ਦੇ ਵਿਸਤਾਰ ਘੇਰੇ ਅਤੇ ਇਸ ਦੇ ਅਸਰ ਦੀ ਪਛਾਣ ਕਰਨੀ ਆਉਣੀ ਚਾਹੀਦੀ ਹੈ ਅਤੇ ਫਿਰ ਇਸ ਨੂੰ ਸਮਝਣਾ ਚਾਹੀਦਾ ਹੈ।
ਹਾਲਾਂਕਿ ਅਕਸਰ ਹੀ "ਸਮਾਨਤਾ" ਅਤੇ "ਬਰਾਬਰੀ" ਦੋਵੇਂ ਸ਼ਬਦਾਂ ਨੂੰ ਇੱਕ ਦੂਜੇ ਲਈ ਵਰਤਿਆ ਜਾਂਦਾ ਰਿਹਾ ਹੈ, ਪਰ ਅਸਲ ਵਿੱਚ ਦੋਵੇਂ ਸ਼ਬਦ ਬਹੁਤ ਹੀ ਵੱਖ ਅਰਥ ਪੇਸ਼ ਕਰਦੇ ਹਨ।
ਬਰਾਬਰੀ ਦਾ ਮਤਲਬ ਹੈ "ਨਿਰਪੱਖਤਾ" ਅਤੇ ਸਮਾਨਤਾ ਦਾ ਮਤਲਬ ਹੈ "ਇਕਰੂਪਤਾ"।
ਜਨਵਰੀ 2021 ਵਿੱਚ ਜਾਰੀ ਕੀਤੇ ਗਏ ਕਾਰਜਕਾਰੀ ਹੁਕਮ 13985 "ਸੰਘੀ ਸਰਕਾਰ ਰਾਹੀਂ ਗਰੀਬ ਭਾਈਚਾਰਿਆਂ ਲਈ ਨਸਲੀ ਬਰਾਬਰੀ ਅਤੇ ਸਹਾਇਤਾ ਨੂੰ ਵਧਾਉਣਾ" ਦੇ ਮੁਤਾਬਕ ਸੰਘੀ ਏਜੰਸੀਆਂ ਨੂੰ ਹਿਦਾਇਤ ਕੀਤੀ ਗਈ ਹੈ ਕਿ ਉਹ ਉਹਨਾਂ ਦੀ ਤਰਫ਼ੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਜਾਂਚ ਕਰਨ ਅਤੇ ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਲਈ ਇੱਕ ਯੋਜਨਾ ਤਿਆਰ ਕਰਨ:

- ਇਸ ਹੁਕਮ ਦੇ ਭਾਗ 5(a) ਦੇ ਮੁਤਾਬਕ ਨਿਰਧਾਰਤ ਪ੍ਰੋਗਰਾਮਾਂ ਵਿੱਚ ਪੂਰੀ ਅਤੇ ਬਰਾਬਰ ਭਾਗੀਦਾਰੀ ਵਿੱਚ ਕਿਸੇ ਵੀ ਕਿਸਮ ਦੀਆਂ ਰੁਕਾਵਟਾਂ; ਅਤੇ
- ਇਸ ਹੁਕਮ ਦੇ ਭਾਗ 5(b) ਦੇ ਮੁਤਾਬਕ ਏਜੰਸੀ ਦੀ ਖਰੀਦ ਅਤੇ ਨਿਰਧਾਰਤ ਮੌਕਿਆਂ ਦੀ ਠੇਕੇਦਾਰੀ ਵਿੱਚ ਪੂਰੀ ਅਤੇ ਬਰਾਬਰ ਭਾਗੀਦਾਰੀ ਵਿੱਚ ਕਿਸੇ ਵੀ ਕਿਸਮ ਦੀਆਂ ਰੁਕਾਵਟਾਂ।

ਫਰਵਰੀ 2023 ਵਿੱਚ ਜਾਰੀ ਕੀਤਾ ਗਿਆ ਕਾਰਜਕਾਰੀ ਹੁਕਮ 14091 "ਸੰਘੀ ਸਰਕਾਰ ਰਾਹੀਂ ਗਰੀਬ ਭਾਈਚਾਰਿਆਂ ਲਈ ਨਸਲੀ ਬਰਾਬਰੀ ਅਤੇ ਸਹਾਇਤਾ ਨੂੰ ਵਧਾਉਣਾ" ਕਾਰਜਕਾਰੀ ਹੁਕਮ 13985 ਅਤੇ ਹੋਰ ਕਾਰਜਕਾਰੀ ਹੁਕਮਾਂ ਅਤੇ ਹਿਦਾਇਤਾਂ 'ਤੇ ਅਧਾਰਤ ਹੈ, ਜਿਨ੍ਹਾਂ ਦਾ ਟੀਚਾ ਸੰਘੀ ਏਜੰਸੀਆਂ ਲਈ ਯੋਜਨਾਬੰਦੀ ਅਤੇ ਫੈਸਲਿਆਂ ਵਿੱਚ ਹੀ ਬਰਾਬਰੀ ਨੂੰ ਇੱਕ ਅਟੁੱਟ ਹਿੱਸਾ ਬਣਾਕੇ ਗਰੀਬ ਭਾਈਚਾਰਿਆਂ ਨੂੰ ਪੇਸ਼ ਆਉਂਦੀਆਂ ਖ਼ਾਸ ਕਿਸਮ ਦੀਆਂ ਰੁਕਾਵਟਾਂ ਦਾ ਹੱਲ ਕਰਨਾ ਹੈ।




ਸਾਡੀਆਂ ਸੇਵਾਵਾਂ ਦੀ ਜਾਂਚ ਕਰਨ ਲਈ ਏਜੰਸੀ ਭਾਈਵਾਲਾਂ ਨਾਲ NRCS ਦਾ ਸਹਿਯੋਗ ਬਹੁਤ ਜ਼ਰੂਰੀ ਹੈ। NRCS ਭਾਈਵਾਲਾਂ, ਹਿੱਤਧਾਰਕਾਂ, ਕਬਾਇਲੀ ਇਕਾਈਆਂ, ਭਾਈਚਾਰਾ ਅਧਾਰਤ ਸੰਗਠਨਾਂ ਅਤੇ ਕੌਮੀ, ਖੇਤਰੀ, ਸਥਾਨਕ ਪੱਧਰ ਦੀਆਂ ਸੰਬੰਧਿਤ ਸੰਸਥਾਵਾਂ ਦੀਆਂ ਭੂਮਿਕਾਵਾਂ ਦੀ ਪਛਾਣ ਕਰਨਾ ਅਤੇ ਉਹਨਾਂ ਨੂੰ ਪਰਿਭਾਸ਼ਤ ਕਰਨਾ ਜ਼ਰੂਰੀ ਹੈ। ਬਦਲਾਅ ਲਿਆਉਣ ਲਈ ਜ਼ਰੂਰੀ ਹੈ ਕਿ ਅਸਮਾਨਤਾ ਦਾ ਹੱਲ ਨਿਰਧਾਰਤ ਕਰਨ ਦੇ ਕੇਂਦਰ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦਾ ਹੋਣਾ ਨਾ ਕਿ ਮਾਹਿਰਾਂ ਦਾ ਉਹਨਾਂ ਲਈ ਫੈਸਲੇ ਲੈਣਾ। ਜ਼ਮੀਨੀ, ਖੇਤਰੀ ਅਤੇ ਕੌਮੀ ਪੱਧਰ 'ਤੇ ਬਰਾਬਰੀ ਲਈ ਕੰਮ ਕਰਨਾ ਬਹੁਤ ਜ਼ਰੂਰੀ ਹੈ, ਪਰ ਬਰਾਬਰੀ ਲਿਆਉਣ ਲਈ ਭਾਈਚਾਰਿਆਂ ਨਾਲ ਭਾਈਵਾਲੀ, ਸਾਂਝ, ਗੱਠਜੋੜ ਅਤੇ ਸਹਿਯੋਗ ਦੀ ਲੋੜ ਹੁੰਦੀ ਹੈ।

### ਟੀਚਾ, ਸੁਫਨਾ ਅਤੇ ਕਦਰਾਂ-ਕੀਮਤਾਂ

**ਟੀਚਾ** - NRCS ਦੇ ਕੰਮਾਂ ਅਤੇ ਕਾਰਜ-ਅਭਿਆਸਾਂ ਵਿੱਚ ਸੰਸਥਾਗਤ ਬਰਾਬਰੀ ਦੀ ਵਕਾਲਤ ਕਰਨਾ ਅਤੇ ਹੋਰ ਬਿਹਤਰ ਤਰੀਕੇ ਇਸ ਨੂੰ ਸੋਧਬੱਧ ਕਰਨਾ,

ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ USDA-NRCS ਗਾਹਕ ਕਿਸੇ ਵੀ ਵਿਭਿੰਨ ਸਰਕਾਰੀ ਸੰਸਾਰ ਵਿੱਚ ਸਫਲ ਹੋਣ ਦੀ ਸਥਿਤੀ ਵਿੱਚ ਰਹੇ ਅਤੇ ਖਾਸ ਤੌਰ 'ਤੇ ਏਜੰਸੀ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਖੁਦ ਨੂੰ ਸ਼ਾਮਲ ਮਹਿਸੂਸ ਕਰੇ।

**ਸੁਫਨਾ** - ਸਾਡੇ ਪ੍ਰੋਗਰਾਮਾਂ ਰਾਹੀਂ ਹਰੇਕ ਗਾਹਕ ਲਈ ਵਿਭਿੰਨਤਾ ਅਤੇ ਸ਼ਮੂਲੀਅਤ।

**ਮੁੱਖ ਕਦਰਾਂ-ਕੀਮਤਾਂ** - ਇਹ ਯਕੀਨ ਰੱਖਣਾ ਕਿ ਏਜੰਸੀ ਦੇ ਪ੍ਰੋਗਰਾਮਾਂ ਦੀ ਪਹੁੰਚ ਨੂੰ ਹੋਰ ਬਿਹਤਰ ਕਰਕੇ ਸਾਂਝੇ ਕਾਰਜਾਂ ਅਤੇ ਟੀਚਿਆਂ ਦੀ ਦਿਸ਼ਾ ਵਿੱਚ ਵਿੱਚ ਕੰਮ ਕਰਦੇ ਹੋਏ NRCS ਗਾਹਕਾਂ ਦੇ ਮੌਕਿਆਂ ਅਤੇ ਏਜੰਸੀ ਪ੍ਰੋਗਰਾਮਾਂ ਦੇ ਲਾਭਾਂ ਨੂੰ ਮਜ਼ਬੂਤੀ ਮਿਲ ਰਹੀ ਹੈ; NRCS ਸੰਭਾਲ ਮੌਕਿਆਂ ਅਤੇ ਲਾਭਾਂ ਰਾਹੀਂ ਗਾਹਕਾਂ ਦੀ ਬਰਾਬਰੀ ਅਤੇ ਜੀਵਨ ਸਮਾਨਤਾ ਨੂੰ ਹੋਰ ਬਿਹਤਰ ਕਰਦੀ ਹੈ।

**ਬੁਨਿਆਦੀ ਜਾਣਕਾਰੀ**

**ਕਾਰਜਕਾਰੀ ਹੁਕਮ 13985**

**ਕਾਰਜਕਾਰੀ ਹੁਕਮ 14091**

**USDA ਇਕੁਇਟੀ ਕਮਿਸ਼ਨ**

**USDA ਇਕੁਇਟੀ ਐਕਸ਼ਨ ਪਲਾਨ**

**NRCS ਇਕੁਇਟੀ ਐਕਸ਼ਨ ਪਲਾਨ**

NRCS ਦੀ ਬਰਾਬਰੀ ਦੀ ਨੀਤੀ ਬਿਆਨ ਅਤੇ ਪੋਸਟਰ

# ਬਰਾਬਰੀ ਉੱਪਰ ਧਿਆਨ

### ਨਿਆਂ40

NRCS ਦਾ  ਕਿ ਹਰ ਸਾਲ ਪ੍ਰੋਗਰਾਮ ਵਿੱਚ ਭਾਗੀਦਾਰੀ 10 ਪ੍ਰਤੀਸ਼ਤ ਤੱਕ ਵਧੇ ਅਤੇ ਜਦੋਂ ਤੱਕ ਏਜੰਸੀ ਰਾਸ਼ਟਰਪਤੀ ਬਿਡੇਨ ਦੀ ਵਚਨਬੱਧਤਾ ਵਿੱਚ ਨਿਰਧਾਰਤ ਨਿਆਂ40 ਦੇ ਟੀਚਿਆਂ ਨੂੰ ਪੂਰਾ ਨਹੀਂ ਕਰ ਲੈਂਦੀ ਜਾਂ ਇਸ ਤੋਂ ਵੱਧ ਨਹੀਂ ਜਾਂਦੀ, ਇਹ ਵੱਧਦੀ ਜਾਵੇ।

### ਮਹਿੰਗਾਈ ਘਟਾਓ ਐਕਟ ਨੂੰ ਲਾਗੂ ਕਰਨ ਵਿੱਚ ਬਰਾਬਰੀ

2022 ਦਾ ਮਹਿੰਗਾਈ ਘਟਾਓ ਐਕਟ (IRA) ਜਲਵਾਯੂ ਅਤੇ ਸੰਭਾਲ਼ ਖੇਤੀਬਾੜੀ ਵਿੱਚ ਇੱਕ ਇਤਿਹਾਸਕ ਨਿਵੇਸ਼ ਹੈ।

### ਭਾਈਵਾਲਾਂ ਦੇ ਨਾਲ ਸਹਿਯੋਗ ਰਾਹੀਂ ਬਰਾਬਰੀ

NRCS ਪ੍ਰੋਗਰਾਮਾਂ, ਨੀਤੀਆਂ ਅਤੇ ਸੇਵਾਵਾਂ ਵਿੱਚ ਬਰਾਬਰੀ ਨੂੰ ਅੱਗੇ ਵਧਾਉਣ ਅਤੇ ਅਸਮਾਨਤਾਵਾਂ ਨੂੰ ਦੂਰ ਕਰਨ ਦੀ ਸਫਲਤਾ ਲਈ ਅੰਦਰੂਨੀ ਅਤੇ ਬਾਹਰੀ ਭਾਈਵਾਲਾਂ, ਹਿੱਤਧਾਰਕਾਂ ਅਤੇ ਵੱਖ-ਵੱਖ ਭਾਈਚਾਰਿਆਂ ਨਾਲ ਸਹਿਯੋਗ ਸਭ ਤੋਂ ਮਹੱਤਵਪੂਰਨ ਹੈ।

### ਬਰਾਬਰੀ ਅਤੇ ਤਕਨੀਕੀ ਸੇਵਾ ਪ੍ਰਦਾਤਾ ਪ੍ਰੋਗਰਾਮ

NRCS ਗਰੀਬ ਭਾਈਚਾਰਿਆਂ ਲਈ ਤਕਨੀਕੀ ਸਹਾਇਤਾ ਨੂੰ ਹੋਰ ਬਿਹਤਰ ਕਰਨ ਲਈ ਬਹੁ-ਪੱਖੀ ਨਜ਼ਰੀਆ ਅਪਣਾ ਰਿਹਾ ਹੈ। ਅਸੀਂ ਸੰਭਾਲ਼ ਤਕਨੀਕੀ ਮਾਹਰਾਂ ਦੀ ਗਿਣਤੀ ਵਧਾਉਣ ਲਈ ਲਗਾਤਾਰ ਕੰਮ ਕਰ ਰਹੇ ਹਾਂ, ਤਾਂ ਜੋ ਕਾਫ਼ੀ ਸਮੇਂ ਤੋਂ ਗਰੀਬ ਉਤਪਾਦਕਾਂ ਨੂੰ ਤਕਨੀਕੀ ਸਹਾਇਤਾ ਅਤੇ ਸਿੱਧੀ ਸਲਾਹ ਦੀ ਸੁਵਿਧਾ ਦਿੱਤੀ ਜਾ ਸਕੇ।

### ਅੰਗਰੇਜ਼ੀ ਦੀ ਸੀਮਤ ਮੁਹਾਰਤ

ਅੰਗਰੇਜ਼ੀ ਦੀ ਸੀਮਤ ਮੁਹਾਰਤ ਸ਼ਬਦ ਉਹਨਾਂ ਲੋਕਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਮੁੱਖ ਬੋਲੀ ਅੰਗਰੇਜ਼ੀ ਨਹੀਂ ਹੈ ਅਤੇ ਜਿਨ੍ਹਾਂ ਦੀ ਅੰਗਰੇਜ਼ੀ ਪੜ੍ਹ ਸਕਣ, ਬੋਲ ਸਕਣ, ਲਿਖ ਸਕਣ ਜਾਂ ਸਮਝ ਸਕਣ ਦੀ ਸਮਰਥਾ ਸੀਮਤ ਹੁੰਦੀ ਹੈ। ਕਨੂੰਨ ਅਤੇ ਨਿਯਮਾਂ ਮੁਤਾਬਕ ਸੰਘੀ ਪ੍ਰੋਗਰਾਮਾਂ ਵਿੱਚ ਭਾਗ ਨਾ ਲੈਣ ਦੇਣ, ਲਾਭਾਂ ਤੋਂ ਇਨਕਾਰ ਕਰਨ ਅਤੇ ਵਿਤਕਰਾ ਕਰਨ ਦੀ ਮਨਾਹੀ ਹੈ।

### ਸੰਭਾਲ਼ ਪਹੁੰਚ ਸਹਿਕਾਰੀ ਸਮਝੌਤਿਆਂ ਵਿੱਚ ਬਰਾਬਰੀ

ਸੰਭਾਲ਼ ਪਹੁੰਚ ਸਹਿਕਾਰੀ ਸਮਝੌਤਿਆਂ ਵਿੱਚ ਬਰਾਬਰੀ ਦੋ ਸਾਲਾਂ ਦੇ ਪ੍ਰੋਜੈਕਟਾਂ ਨੂੰ ਫੰਡ ਕਰਦੀ ਹੈ, ਤਾਂ ਜੋ ਅਜਿਹੇ ਉਤਪਾਦਕਾਂ ਨੂੰ ਸੰਭਾਲ਼ ਸਹਾਇਤਾ ਦੀ ਉਪਲਬਧਤਾ ਦਾ ਵਿਸਥਾਰ ਕੀਤਾ ਜਾ ਸਕੇ, ਜੋ ਖੇਤੀਬਾੜੀ ਦੇ ਕੰਮ ਵਿੱਚ ਨਵੇਂ ਹਨ, ਜਿਨ੍ਹਾਂ ਦੀ ਆਮਦਨੀ ਘੱਟ ਹੈ, ਕਿਨ੍ਹਾਂ ਦੀ ਪਛਾਣ ਹਾਸ਼ੀਏ ਵਾਲੀ ਇੱਕ ਜਾਂ ਵਧੇਰੀ ਜਾਤ ਜਾਂ ਨਸਲ  ਅਤੇ/ਜਾਂ ਫ਼ੌਜੀ ਅਨੁਭਵੀ ਹਨ।

## ਬਰਾਬਰੀ ਨਾਲ ਜੁੜੇ ਮੁੱਖ ਸ਼ਬਦ

**ਪੱਖਪਾਤ:** ਕਿਸੇ ਵਿਅਕਤੀ ਜਾਂ ਸਮੂਹ ਦੇ ਪੱਖ ਵਿੱਚ ਜਾਂ ਵਿਰੁੱਧ ਰਾਏ ਕਾਇਮ ਕਰਨਾ, ਆਮ ਤੌਰ 'ਤੇ ਗਲਤ ਮੰਨਿਆ ਜਾਂਦਾ ਹੈ।

**ਵਿਤਕਰਾ:** ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਵਰਗ ਨਾਲ ਗਲਤ ਜਾਂ ਪੱਖਪਾਤੀ ਵਿਵਹਾਰ।

**ਵਿਭਿੰਨਤਾ:**  ਬਹੁਤ ਸਾਰੇ ਭਾਈਚਾਰਿਆਂ, ਪਛਾਣਾਂ, ਜਾਤਾਂ, ਨਸਲਾਂ, ਪਿਛੋਕੜਾਂ, ਕਾਬਲੀਅਤਾਂ, ਸਭਿਆਚਾਰਾਂ, ਅਤੇ ਲੋਕਾਂ ਦੇ ਵਿਸ਼ਵਾਸਾਂ ਨੂੰ ਸ਼ਾਮਲ ਕਰਨ ਦਾ ਅਭਿਆਸ, ਇਸ ਵਿੱਚ ਗਰੀਬ ਭਾਈਚਾਰੇ ਵੀ ਸ਼ਾਮਲ ਹਨ।

**ਸਮਾਨਤਾ:** ਹਰੇਕ ਵਿਅਕਤੀ ਜਾਂ ਲੋਕਾਂ ਦੇ ਸਮੂਹ ਨੂੰ ਇੱਕੋ ਜਿਹੇ ਸਰੋਤ ਦੇਣਾ ਜਾਂ ਉਹਨਾਂ ਨਾਲ ਇੱਕੋ ਜਿਹਾ ਵਿਵਹਾਰ ਕਰਨਾ।

**ਬਰਾਬਰੀ:** ਸਾਰੇ ਵਿਅਕਤੀਆਂ ਨਾਲ ਸਹੀ, ਨਿਆਂਪੂਰਨ ਅਤੇ ਨਿਰਪੱਖ ਢੰਗ ਨਾਲ ਇਕਸਾਰ ਅਤੇ ਯੋਜਨਾਬੱਧ ਵਿਵਹਾਰ, ਇਸ ਵਿੱਚ ਉਹਨਾਂ ਭਾਈਚਾਰਿਆਂ ਨਾਲ ਸਬੰਧਤ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਨਾਲ ਅਜਿਹੇ ਵਿਵਹਾਰ ਕਰਨ ਤੋਂ ਇਨਕਾਰ ਕੀਤਾ ਗਿਆ ਹੈ।



**ਅਸਮਾਨਤਾ:** ਨਿਰਪੱਖਤਾ ਜਾਂ ਨਿਆਂ ਦੀ ਘਾਟ; ਅਜਿਹਾ ਅਕਸਰ ਉਦੋਂ ਹੁੰਦਾ ਹੈ ਜਦੋਂ ਸਭ ਕੋਲ ਮੌਕਿਆਂ ਅਤੇ ਸਰੋਤਾਂ ਤੱਕ ਇੱਕੋ ਜਿਹੀ ਪਹੁੰਚ ਨਹੀਂ ਹੁੰਦੀ ਹੈ।

**ਨਿਆਂ:** ਅਜਿਹੀਆਂ ਨੀਤੀਆਂ, ਅਭਿਆਸਾਂ, ਅਤੇ ਰਵੱਈਏ ਦੀ ਯੋਜਨਾਬੱਧ, ਕਿਰਿਆਸ਼ੀਲ ਮਜ਼ਬੂਤੀ, ਜੋ ਸਾਰਿਆਂ ਲਈ ਬਰਾਬਰ ਸ਼ਕਤੀ, ਪਹੁੰਚ, ਮੌਕੇ ਦਿੰਦੀ ਹੈ, ਵਿਵਹਾਰ ਕਰਦੀ ਹੈ ਅਤੇ ਨਤੀਜੇ ਦਿੰਦੀ ਹੈ।

**ਨਕਾਰਾਤਮਕ ਰਾਏ ਬਣਾਉਣਾ:** ਜਾਤ, ਨਸਲ, ਲਿੰਗ, ਧਰਮ, ਜਾਂ ਹੋਰ ਅੰਤਰ-ਵਿਅਕਤੀਗਤ ਅੰਤਰਾਂ ਕਰਕੇ ਕਿਸੇ ਵਿਅਕਤੀ ਜਾਂ ਸਮੂਹ ਲਈ ਇੱਕ ਗਲਤ ਵਿਸ਼ਵਾਸ ਜਾਂ ਨਾਪਸੰਦਗੀ ਦੀ ਭਾਵਨਾ ਪੈਦਾ ਕਰ ਲੈਣਾ।

**ਨਸਲਵਾਦ:** ਇਹ ਵਿਸ਼ਵਾਸ ਕਿ ਨਸਲ ਮਨੁੱਖੀ ਗੁਣਾਂ ਅਤੇ ਸਮਰੱਥਾਵਾਂ ਦਾ ਇੱਕ ਬੁਨਿਆਦੀ ਨਿਰਣਾਇਕ ਹੈ ਅਤੇ ਨਸਲੀ ਅੰਤਰ ਕਿਸੇ ਖਾਸ ਨਸਲ ਦੀ ਅੰਦਰੂਨੀ ਉੱਤਮਤਾ ਪੈਦਾ ਕਰਦੇ ਹਨ।

**ਗਰੀਬ ਭਾਈਚਾਰੇ:** ਇੱਕ ਖਾਸ ਕਿਸਮ ਦੀ ਵਿਸ਼ੇਸ਼ਤਾ ਸਾਂਝੀ ਕਰਨ ਵਾਲੀ ਆਬਾਦੀ, ਅਤੇ ਨਾਲ ਹੀ ਭੂਗੋਲਿਕ ਭਾਈਚਾਰੇ, ਜਿਨ੍ਹਾਂ ਨੂੰ ਯੋਜਨਾਬੱਧ ਢੰਗ ਨਾਲ ਆਰਥਿਕ, ਸਮਾਜਿਕ ਅਤੇ ਨਾਗਰਿਕ ਜੀਵਨ ਦੇ ਪਹਿਲੂਆਂ ਵਿੱਚ ਹਿੱਸਾ ਲੈਣ ਦੇ ਪੂਰੇ ਮੌਕੇ ਦੇਣ ਤੋਂ ਇਨਕਾਰ ਕੀਤਾ ਗਿਆ ਹੈ।

## ਬਰਾਬਰੀ ਹਾਸਲ ਕਰਨਾ ਤਰਜੀਹ ਕਿਉਂ ਹੈ

ਬਰਾਬਰੀ ਹਾਸਲ ਕਰਨਾ NRCS ਦੀ ਤਰਜੀਹ ਹੈ, ਕਿਉਂਕਿ ਇਸ ਪ੍ਰਸ਼ਾਸਨ ਨੇ ਸੰਘੀ ਸਰਕਾਰ ਦੇ ਸਾਰੇ ਪੱਧਰਾਂ ਲਈ ਬਰਾਬਰੀ ਨੂੰ ਤਰਜੀਹ ਦੇਣਾ ਨਿਰਧਾਰਤ ਕੀਤਾ ਹੈ। ਵ੍ਹਾਈਟ ਹਾਊਸ ਤੋਂ USDA ਤੋਂ ਲੈਕੇ NRCS ਤੱਕ, ਅਸੀਂ ਆਪਣੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਬਰਾਬਰੀ ਹਾਸਲ ਕਰਾਂਗੇ।

ਬਰਾਬਰੀ ਦਾ ਮਤਲਬ ਸਿਰਫ ਸਰੋਤਾਂ ਨੂੰ ਨਿਰਪੱਖ ਅਤੇ ਬਰਾਬਰ ਵੰਡਣਾ ਹੀ ਨਹੀਂ ਹੈ, ਬਲਕਿ ਲੋਕਾਂ ਜਾਂ ਭਾਈਚਾਰਿਆਂ ਵਿਚਲੇ ਅੰਤਰ ਨੂੰ ਵੀ ਧਿਆਨ ਵਿੱਚ ਰੱਖਣਾ ਹੈ।

ਸਮਾਨਤਾ ਦਾ ਮਤਲਬ ਸਰੋਤਾਂ ਦੀ ਬਰਾਬਰ ਵੰਡ ਹੁੰਦੀ ਹੈ, ਪਰ ਇਸ ਵਿੱਚ ਲੋੜ ਅਤੇ ਯੋਗਤਾ ਵਿਚਕਾਰਲੇ ਅੰਤਰ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ।

ਬਰਾਬਰੀ ਹਾਸਲ ਕਰਨ ਦਾ ਰਸਤਾ ਹਰ ਕਿਸੇ ਨਾਲ ਇੱਕੋ ਜਿਹਾ ਪੇਸ਼ ਆਉਣ ਨਾਲ ਪੂਰਾ ਨਹੀਂ ਹੋਵੇਗਾ। ਇਹ ਹਰ ਕਿਸੇ ਨਾਲ ਬਰਾਬਰੀ ਨਾਲ ਪੇਸ਼ ਆਉਣ ਨਾਲ ਹੀ ਹਾਸਲ ਹੋਵੇਗਾ, ਨਾ ਕਿ ਸਿਰਫ਼ ਹਾਲਾਤਾਂ ਅਨੁਸਾਰ।

ਸਾਰੇ NRCS ਕਰਮਚਾਰੀ ਹਰ ਪੱਧਰ 'ਤੇ - ਪ੍ਰੋਗਰਾਮਾਂ ਤੋਂ ਰੁਜ਼ਗਾਰ ਤੋਂ ਲੈਕੇ ਗਾਹਕ ਸੇਵਾ ਤੋਂ ਤਕਨੀਕੀ ਸਹਾਇਤਾ ਤੱਕ ਸਾਡੇ ਹਰ ਕੰਮ ਵਿੱਚ ਬਰਾਬਰੀ ਹਾਸਲ ਕਰਨ ਲਈ ਜ਼ਿੰਮੇਵਾਰ ਹੋਣਗੇ - ਅਸੀਂ ਸਾਰਿਆਂ ਨੂੰ ਬਰਾਬਰ ਮੌਕੇ ਦੇਵਾਂਗੇ!

### ਹੋਰ ਜਾਣਕਾਰੀ ਲਈ

ਬਰਾਬਰੀ ਮੁੱਖਪੰਨਾ: **nrcs.usda.gov/about/priorities/equity.**